Punjabi - Number 50d
Child Immunization Series - February 2017

# ਬਚਪਨ ਦੀਆਂ ਵੈਕਸੀਨਾਂ:
# ਵੈਕਸੀਨਾਂ ਵਿੱਚ ਕੀ ਹੈ ਅਤੇ ਕਿਉਂ
# Childhood Vaccines:
## What is in the Vaccines and Why

ਟੀਕਾਕਰਣ ਨੇ ਪਿਛਲੇ 50 ਸਾਲਾਂ ਦੌਰਾਨ ਕੈਨੇਡਾ ਵਿੱਚ ਸਿਹਤ ਸੰਬੰਧੀ ਕਿਸੇ ਵੀ ਜਤਨ ਨਾਲੋਂ ਜਿਆਦਾ ਜਾਨਾਂ ਬਚਾਈਆਂ ਹਨ।

### ਬਚਪਨ ਦੀਆਂ ਵੈਕਸੀਨਾਂ ਵਿੱਚ ਕੀ ਹੈ?

ਵੈਕਸੀਨਾਂ ਅਜਿਹੇ ਤੱਤਾਂ ਨਾਲ ਬਣਾਈਆਂ ਜਾਂਦੀਆਂ ਹਨ ਜਿਹੜੇ ਉਨ੍ਹਾਂ ਨੂੰ ਬਿਮਾਰੀ ਤੋਂ ਤੁਹਾਡੇ ਬੱਚੇ ਦੀ ਰੱਖਿਆ ਕਰਨ ਲਈ ਸੁਰੱਖਿਅਤ ਅਤੇ ਅਸਰਦਾਰ ਬਣਾਉਂਦੇ ਹਨ।

ਹਰ ਵੈਕਸੀਨ ਵਿੱਚ ਬਿਮਾਰੀ ਦੇ ਰੋਗਾਣੂ ਦੀ ਥੋੜ੍ਹੀ ਮਾਤਰਾ (ਵਾਇਰਸ ਜਾਂ ਬੈਕਟੀਰੀਆ) ਜਾਂ ਰੋਗਾਣੂ ਦੇ ਹਿੱਸੇ ਹੁੰਦੇ ਹਨ। ਉਦਹਾਰਣ ਹਨ ਖਸਰੇ ਦਾ ਵਾਇਰਸ, ਪਰਟੂਸਿਸ (ਕਾਲੀ ਖਾਂਸੀ) ਬੈਕਟੀਰੀਆ ਅਤੇ ਟੈਟਨਸ ਟੌਕਸੌਇਡ (tetanus toxoid)। ਵੈਕਸੀਨਾਂ ਕਰਕੇ ਬਿਮਾਰੀ ਨਹੀਂ ਹੁੰਦੀ ਕਿਉਂਕਿ ਰੋਗਾਣੂ ਜਾਂ ਤਾਂ ਮਰੇ ਹੋਏ ਜਾਂ ਕਮਜ਼ੋਰ ਕੀਤੇ ਹੋਏ ਹੁੰਦੇ ਹਨ ਅਤੇ ਟੌਕਸੌਇਡ (toxoid) ਕਿਰਿਆਹੀਣ ਹੁੰਦੇ ਹਨ।ਵੈਕਸੀਨਾਂ ਤੁਹਾਡੇ ਬੱਚੇ ਦੀ ਸੁਰੱਖਿਆ ਪ੍ਰਣਾਲੀ ਨੂੰ ਬਿਮਾਰੀ ਵਿਰੁੱਧ ਸੁਰੱਖਿਆ ਨਿਰਮਿਤ ਕਰਨ ਵਿੱਚ ਸਹਾਇਤਾ ਕਰਦੀਆਂ ਹਨ।

ਵੈਕਸੀਨਾਂ ਵਿਚਲੇ ਦੂਸਰੇ ਤੱਤ ਉਨ੍ਹਾਂ ਨੂੰ ਸਥਿਰ ਰੱਖਣ ਅਤੇ ਕਈ ਖੁਰਾਕਾਂ ਵਾਲੀਆਂ ਸ਼ੀਸ਼ੀਆਂ ਨੂੰ ਬੈਕਟੀਰੀਆ ਅਤੇ ਉੱਲੀ ਨਾਲ ਦੂਸ਼ਿਤ ਹੋਣ ਤੋਂ ਰੋਕਣ ਵਿੱਚ ਸਹਾਇਤਾ ਕਰਦੇ ਹਨ।ਕਈ ਵੈਕਸੀਨਾਂ ਵਿੱਚ ਵੈਕਸੀਨਾਂ ਪ੍ਰਤੀ ਇਮਿਊਨ ਪ੍ਰਤੀਕਿਰਿਆ ਨੂੰ ਵਧਾਉਣ ਵਾਸਤੇ ਤੱਤ ਹੁੰਦੇ ਹਨ।

### ਵੈਕਸੀਨਾਂ ਵਿੱਚ ਕੁਝ ਹੋਰ ਤੱਤ ਕਿਉਂ ਹੁੰਦੇ ਹਨ?

ਵੈਕਸੀਨਾਂ ਨੂੰ ਸੁਰੱਖਿਅਤ ਅਤੇ ਅਸਰਦਾਰ ਰੱਖਣ ਲਈ, ਉਨ੍ਹਾਂ ਵਿੱਚ ਅਲੁਮੀਨਮ ਸਾਲਟ, ਐਂਟੀਬਾਇਓਟਿਕਸ ਅਤੇ ਫੌਰਮੇਲਡਾਹਾਇਡ ਵਰਗੇ ਤੱਤ ਹੁੰਦੇ ਹਨ।ਇੰਨ੍ਹਾਂ ਤੱਤਾਂ ਨੂੰ ਬਿਮਾਰੀ ਜਾਂ ਰੋਗ ਨਾਲ ਜੋੜਿਆ ਨਹੀਂ ਗਿਆ ਹੈ।ਵੈਕਸੀਨਾਂ ਵਿਚਲੇ ਕਈ ਤੱਤ ਹੇਠਾਂ ਦਿੱਤੇ ਹਨ।

**ਐਂਟੀਬਾਇਓਟਿਕਸ** – ਐਂਟੀਬਾਇਓਟਿਕਸ ਨੂੰ ਵੈਕਸੀਨ ਬਣਾਏ ਜਾਣ ਦੌਰਾਨ ਬੈਕਟੀਰੀਆ ਕਰਕੇ ਹੋਣ ਵਾਲੇ ਦੂਸ਼ਣ ਨੂੰ ਰੋਕਣ ਲਈ ਕਈ ਵੈਕਸੀਨਾਂ ਵਿੱਚ ਵਰਤਿਆ ਜਾਂਦਾ ਹੈ।

**ਅਲੁਮੀਨਮ ਸਾਲਟ (Aluminum salts)** – ਅਲੁਮੀਨਮ ਸਾਲਟਾਂ ਨੂੰ ਵੈਕਸੀਨਾਂ ਵਿੱਚ ਬਹੁਤ ਸਾਲਾਂ ਤੋਂ ਵਰਤਿਆ ਜਾਂਦਾ ਹੈ।ਉਹ ਤੁਹਾਨੂੰ ਬਿਮਾਰੀ ਤੋਂ ਬਿਹਤਰ ਸੁਰੱਖਿਆ ਦਿੰਦੇ ਹੋਏ, ਵੈਕਸੀਨ ਪ੍ਰਤੀ ਸਰੀਰ ਦੀ ਸੁਰੱਖਿਆ ਪ੍ਰਣਾਲੀ ਦੀ ਪ੍ਰਤੀਕਰਿਆ ਨੂੰ ਸੁਧਾਰਦੇ ਹਨ।

ਬੱਚਿਆਂ ਦਾ ਸੰਪਰਕ ਕੁਦਰਤੀ ਤੌਰ ਤੇ ਵਾਤਾਵਰਨ ਵਿੱਚ ਮੌਜੂਦ ਅਲੁਮੀਨਮ ਨਾਲ ਹੁੰਦਾ ਹੈ।ਅਲੁਮੀਨਮ ਹਵਾ, ਭੋਜਨ ਅਤੇ ਪਾਣੀ ਵਿੱਚ ਪਾਇਆ ਜਾਂਦਾ ਹੈ।ਇਹ ਛਾਤੀ ਦੇ ਦੁੱਧ ਅਤੇ ਬੱਚਿਆਂ ਦੇ ਫਾਰਮੂਲੇ ਵਿੱਚ ਵੀ ਹੁੰਦਾ ਹੈ।ਇੱਕ ਵੈਕਸੀਨ ਵਿੱਚ ਅਲੁਮੀਨਮ ਦੀ ਮਾਤਰਾ ਇੱਕ ਦਿਨ ਵਿੱਚ ਬੱਚੇ ਦੁਆਰਾ ਪੀਤੇ ਜਾ ਸਕਣ ਵਾਲੇ ਬੱਚਿਆਂ ਦੇ ਫਾਰਮੂਲੇ ਵਿਚਲੀ ਮਾਤਰਾ ਨਾਲ ਮਿਲਦੀ ਜੁਲਦੀ ਹੁੰਦੀ ਹੈ।

**ਫੌਰਮੇਲਡਾਹਾਇਡ (Formaldehyde)** – ਕਈ ਵੈਕਸੀਨਾਂ ਜ਼ਿੰਦਾ ਰੋਗਾਣੂਆਂ ਜਾਂ ਜ਼ਹਿਰਾਂ (toxins) ਤੋਂ ਬਣਾਈਆਂ ਜਾਂਦੀਆਂ ਹਨ, ਜਿੰਨਾਂ ਨੂੰ ਮਾਰੇ ਜਾਣ ਜਾਂ ਕਿਰਿਆਹੀਣ ਬਣਾਏ ਜਾਣ ਦੀ ਲੋੜ ਹੁੰਦੀ ਹੈ ਤਾਂ ਕਿ ਉਨ੍ਹਾਂ ਕਰਕੇ ਬਿਮਾਰੀ ਨਾ ਹੋ ਸਕੇ। ਫੌਰਮੇਲਡਾਹਾਇਡ ਨੂੰ ਅਜਿਹਾ ਕਰਨ ਵਾਸਤੇ ਵਰਤਿਆ ਜਾਂਦਾ ਹੈ, ਅਤੇ ਫਿਰ ਉਸ ਨੂੰ ਹਟਾ ਦਿੱਤਾ ਜਾਂਦਾ ਹੈ। ਵੈਕਸੀਨ ਵਿੱਚ ਰਹਿ ਗਈ ਕੋਈ ਵੀ ਛੋਟੀ ਮਾਤਰਾ ਤੁਹਾਡੇ ਬੱਚੇ ਨੂੰ ਨੁਕਸਾਨ ਨਹੀਂ ਪਹੁੰਚਾਏਗੀ।

**ਦੂਸਰੇ ਤੱਤ** – ਸ਼ੂਗਰਜ਼, ਅਮੀਨੋ ਐਸਿਡਜ਼ ਸਾਲਟ ਅਤੇ ਪ੍ਰੋਟੀਨ, ਜਿਵੇਂ ਕਿ ਐਲਬੁਮਿੰਨ ਅਤੇ ਜੇਲੇਟਿੰਨ, ਵੈਕਸੀਨਾਂ ਨੂੰ ਸਥਿਰ ਅਤੇ ਸੁਰੱਖਿਅਤ ਰੱਖਣ ਵਿੱਚ ਸਹਾਇਤਾ ਕਰਦੇ ਹਨ ਜਦੋਂ ਉਨ੍ਹਾਂ ਨੂੰ ਬਣਾਇਆ, ਸ਼ਿਪ ਕੀਤਾ ਅਤੇ ਸਟੋਰ ਕੀਤਾ ਜਾਂਦਾ ਹੈ।

## ਕੀ ਬਚਪਨ ਦੀਆਂ ਵੈਕਸੀਨਾਂ ਵਿੱਚ ਥਾਈਮੇਰੋਸਾਲ (thimerosal) ਹੁੰਦਾ ਹੈ?

ਬੀ.ਸੀ. ਵਿੱਚ 2001 ਤੋਂ ਬਾਅਦ, ਇੰਨਫਲੂਐਂਜ਼ਾ (ਫਲੂ) ਵੈਕਸੀਨ ਤੋਂ ਇਲਾਵਾ, ਥਾਈਮੇਰੋਸਾਲ (thimerosal) ਬਚਪਨ ਦੀ ਕਿਸੇ ਵੀ ਨੇਮਕ ਵੈਕਸੀਨ ਵਿੱਚ ਵਰਤਿਆ ਨਹੀਂ ਗਿਆ ਹੈ। ਥਾਈਮੇਰੋਸਾਲ (thimerosal) ਵੈਕਸੀਨ ਨੂੰ ਬਚਾਉਣ ਵਾਲਾ, ਪਾਰੇ ਵਾਲਾ ਪਦਾਰਥ ਹੈ ਜਿਹੜਾ ਬੈਕਟੀਰੀਆ ਜਾਂ ਉੱਲੀ ਨੂੰ ਵੱਧਣ ਤੋਂ ਰੋਕਣ ਲਈ ਛੋਟੀਆਂ ਮਾਤਰਾਵਾਂ ਵਿੱਚ ਫਲੂ ਵੈਕਸੀਨ ਵਿੱਚ ਹੁੰਦਾ ਹੈ। ਜੇ ਇੱਕ ਵਿਅਕਤੀ ਨੂੰ ਬੈਕਟੀਰੀਆ ਜਾਂ ਉੱਲੀ ਨਾਲ ਦੂਸ਼ਿਤ ਵੈਕਸੀਨ ਮਿਲੀ ਸੀ, ਤਾਂ ਉਹ ਬਿਮਾਰ ਹੋ ਸਕਦੇ ਹਨ। ਕਈ ਸਾਰੇ ਅਧਿਐਨਾਂ ਨੇ ਥਾਈਮੇਰੋਸਾਲ (thimerosal) ਵਾਲੀਆਂ ਵੈਕਸੀਨਾਂ ਅਤੇ ਬੱਚਿਆਂ ਨੂੰ ਨੁਕਸਾਨ ਦੇ ਵਿੱਚ ਕੋਈ ਸੰਬੰਧ ਨਹੀਂ ਦਰਸ਼ਾਇਆ ਹੈ। ਇਹ ਅਧਿਐਨ ਦ ਇੰਸਟੀਟਯੂਟ ਆਫ ਮੈਡੀਸਨ ਆਫ ਦ ਨੈਸ਼ਨਲ ਅਕੈਡੇਮੀਜ਼ (the Institute of Medicine of the National Academies) ਤੇ ਪੋਸਟ ਕੀਤੇ ਗਏ ਹਨ। http://iom.nationalacademies.org/Reports/2001/Immunization-Safety-Review-Thimerosal---Containing-Vaccines-and-Neurodevelopmental-Disorders.aspx.

## ਕੀ ਵੈਕਸੀਨਾਂ ਵਿੱਚ ਮਨੁੱਖਾਂ ਜਾਂ ਜਾਨਵਰਾਂ ਦੇ ਸੈੱਲ ਹੁੰਦੇ ਹਨ?

ਨਹੀਂ। ਵੈਕਸੀਨਾਂ ਵਿੱਚ ਮਨੁੱਖਾਂ ਜਾਂ ਜਾਨਵਰਾਂ ਦੇ ਸੈੱਲ ਨਹੀਂ ਹੁੰਦੇ। ਕਈ ਵੈਕਸੀਨਾਂ ਬਣਾਉਣ ਲਈ ਲੁੜੀਂਦੇ ਵਾਇਰਸ ਕੇਵਲ ਮਨੁੱਖਾਂ ਜਾਂ ਜਾਨਵਰਾਂ ਦੇ ਸੈੱਲਾਂ ਵਿੱਚ ਹੀ ਪਾਲੇ ਜਾ ਸਕਦੇ ਹਨ। ਵਾਇਰਸ ਦੇ ਪੈਦਾ ਹੋਣ ਤੋਂ ਬਾਅਦ, ਉਸ ਨੂੰ ਸੈੱਲਾਂ ਤੋਂ ਵੱਖਰਾ ਕੀਤਾ ਜਾਂਦਾ ਹੈ ਅਤੇ ਵੈਕਸੀਨ ਬਣਾਉਣ ਲਈ ਵਰਤਿਆ ਜਾਂਦਾ ਹੈ। ਸੋ ਹਾਲਾਂਕਿ ਮਨੁੱਖਾਂ ਜਾਂ ਜਾਨਵਰਾਂ ਦੇ ਸੈੱਲਾਂ ਨੂੰ ਵੈਕਸੀਨ ਬਣਾਉਣ ਦੇ ਮੁਢਲੇ ਪੜਾਵਾਂ ਵਿੱਚ ਵਰਤਿਆ ਜਾਂਦਾ ਹੈ, ਆਖਰੀ ਉਤਪਾਦ ਜਾਂ ਵੈਕਸੀਨ ਵਿੱਚ ਕੋਈ ਸੈੱਲ ਮੌਜੂਦ ਨਹੀਂ ਹੁੰਦੇ।

## ਕਿਹੜੀਆਂ ਵੈਕਸੀਨਾਂ ਵਿੱਚ ਅੰਡੇ ਦੇ ਪ੍ਰੋਟੀਨ ਹੁੰਦੇ ਹਨ ਅਤੇ ਕਿਉਂ?

ਐਮਐਮਆਰ (ਮੀਜ਼ਲਜ਼, ਮੰਪਸ ਅਤੇ ਰੂਬੇਲਾ) ਵੈਕਸੀਨ, ਐਮਐਮਆਰਵੀ (ਮੀਜ਼ਲਜ਼, ਮੰਪਸ, ਰੂਬੇਲਾ ਅਤੇ ਵੈਰੀਸੈਲਾ) ਅਤੇ ਇੰਨਫਲੂਐਂਜ਼ਾ (ਫਲੂ) ਵੈਕਸੀਨਾਂ ਵਿੱਚ ਅੰਡੇ ਦੇ ਪ੍ਰੋਟੀਨ ਸ਼ਾਮਲ ਹੁੰਦੇ ਹਨ। ਅੰਡੇ ਦੇ ਪ੍ਰੋਟੀਨ ਇੰਨ੍ਹਾਂ ਵੈਕਸੀਨਾਂ ਵਿੱਚ ਮੌਜੂਦ ਹੁੰਦੇ ਹਨ ਕਿਉਂਕਿ ਇੰਨਾਂ ਨੂੰ ਬਣਾਉਣ ਵਾਲੇ ਵਾਇਰਸਾਂ ਨੂੰ ਅੰਡਿਆਂ ਵਿੱਚ ਵੱਡਾ ਕੀਤਾ ਜਾਂਦਾ ਹੈ (ਫਲੂ ਵੈਕਸੀਨ) ਜਾਂ ਅੰਡਿਆਂ ਤੋਂ ਲਏ ਗਏ ਸੈੱਲਾਂ ਵਿੱਚ (ਐਮਐਮਆਰ ਅਤੇ ਐਮਐਮਆਰਵੀ ਵੈਕਸੀਨ)। ਅੰਡਿਆਂ ਪ੍ਰਤੀ ਅਲਰਜੀਆਂ ਵਾਲੇ ਬੱਚਿਆਂ ਦਾ ਇੰਨ੍ਹਾਂ ਵੈਕਸੀਨਾਂ ਦੇ ਨਾਲ ਸੁਰੱਖਿਅਤ ਢੰਗ ਨਾਲ ਟੀਕਾਕਰਣ ਕੀਤਾ ਜਾ ਸਕਦਾ ਹੈ।

## ਹੋਰ ਜਾਣਕਾਰੀ ਲਈ

ਇਮਿਊਨਾਈਜ਼ੇਸ਼ਨ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਇਮਿਊਨਾਈਜ਼ ਬੀ.ਸੀ. ਦੀ ਇਹ ਵੈੱਬਸਾਈਟ https://immunizebc.ca/. ਦੇਖੋ।

ਬਚਪਨ ਵਿੱਚ ਇਮਿਊਨਾਈਜ਼ੇਸ਼ਨ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ, ਦੇਖੋ:

- HealthLinkBC File #50a ਤੁਹਾਡੇ ਬੱਚੇ ਦੀ ਸੁਰੱਖਿਆ ਪ੍ਰਣਾਲੀ ਅਤੇ ਵੈਕਸੀਨਾਂ
- HealthLinkBC File #50b ਤੁਹਾਡੇ ਬੱਚੇ ਦਾ ਟੀਕਾਕਰਣ ਕਰਵਾਉਣ ਦੇ ਲਾਭ
- HealthLinkBC File #50c ਬਚਪਨ ਦੀਆਂ ਵੈਕਸੀਨਾਂ ਸੁਰੱਖਿਅਤ ਹਨ
- HealthLinkBC File #50e ਤੁਹਾਡੇ ਬੱਚੇ ਲਈ ਇਮਿਊਨਾਈਜ਼ੇਸ਼ਨ ਦਾ ਇੱਕ ਅੱਛਾ ਅਨੁਭਵ

BRITISH COLUMBIA | ImmunizeBC

BC Centre for Disease Control
An agency of the Provincial Health Services Authority